# <u>ਦਫਤਰ ਨਗਰ ਨਿਗਮ ਹੁਸ਼ਿਆਰਪੁਰ</u>

# <u>ਪ੍ਰੈਸ ਨੋਟ</u>

## ਮੇਅਰ ਸ਼ਿਵ ਸੂਦ ਨੇ 10 ਨਵੀਆਂ ਟਾਟਾ ਏਸ ਹਾਈਡਰੋਲਿਕ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ।

### ਗੱਡੀਆਂ ਨਾਲ ਸ਼ਹਿਰ ਦੀ ਸਫਾਈ ਵਿੱਚ ਹੋਵੇਗਾ ਹੋਰ ਵਾਧਾ

ਹੁਸ਼ਿਆਰਪੁਰ 29 ਜੁਲਾਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚਲਾਏ ਗਏ ਸਵੱਛ ਭਾਰਤ ਅਭਿਆਨ ਤਹਿਤ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਅੱਜ ਸਵਾਮੀ ਵਿਵੇਕਾਨੰਦ ਮਿਊਸਪਲ ਭਵਨ ਵਿਖੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ 10 ਨਵੀਆਂ ਟਾਟਾ ਏਸ ਹਾਈਡਰੋਲਿਕ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਡਿਪਟੀ ਮੇਅਰ ਸ਼ੁਕਲਾ ਸ਼ਰਮਾ ਵੀ ਇਸ ਮੋਕੇ ਤੇ ਉਹਨ੍ਹਾ ਦੇ ਨਾਲ ਸਨ।ਸ਼ਿਵ ਸੂਦ ਨੇ ਦਸਿੱਆ ਕਿ ਇਹ ਗੱਡੀਆਂ ਸ਼ਹਿਰ ਦੇ ਵੱਖ ਵੱਖ ਵਾਰਡਾਂ ਦੀਆਂ ਬੀਟਾਂ ਤੋਂ ਰੋਜਾਨਾ ਕੂੜਾ ਇਕੱਠਾ ਕਰਕੇ ਡੰਪ ਤੱਕ ਪਹੁੰਚਾਉਣਗੀਆਂ। ਇਹਨ੍ਹਾਂ ਗੱਡੀਆਂ ਨਾਲ ਸ਼ਹਿਰ ਦੀ ਸਫਾਈ ਵਿੱਚ ਹੋਰ ਵਾਧਾ ਹੋਵੇਗਾ। ਉਹਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਦਾ ਕੂੜਾ ਸ਼ਹਿਰ ਦੀਆਂ ਵੱਖ ਵੱਖ ਥਾਵਾਂ ਤੇ ਲੱਗੇ ਡਸਟਬੀਨ ਵਿੱਚ ਹੀ ਸੁਟੱਣ ਜਾਂ ਘਰਾਂ ਵਿੱਚੋ ਕੂੜਾ ਇਕੱਠਾ ਕਰਨ ਵਾਲੇ ਸਫਾਈ ਸੇਵਕਾਂ ਨੂੰ ਹੀ ਦੇਣ ਤਾਂ ਜ਼ੋ ਸ਼ਹਿਰ ਨੂੰ ਸਾਫ ਸੂਥਰਾ ਰਖਿਆ ਜਾ ਸਕੇ।

ਨਗਰ ਨਿਗਮ ਦੇ ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਏ.ਐਮ.ਈ ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਸੈਨਟਰੀ ਇੰਸਪੈਕਟਰ ਸੰਜੀਵ ਕੁਮਾਰ, ਜਨਕ ਰਾਜ, ਸੁਰਿੰਦਰ ਕਮੁਾਰ, ਇੰਸਪੈਕਟਰ ਵਿਜੇ ਕਮੁਾਰ, ਰਵਿੰਦਰ ਠਾਕੁਰ,ਕੋਂਸਲਰ ਬਿਕਰਮਜੀਤ ਸਿੰਘ ਕਲਸੀ, ਮਨੋਜ ਕੁਮਾਰ, ਮਨੀ, ਕਮਲ, ਜ਼ਸਪਾਲ ਸਿੰਘ, ਆਸ਼ੂ ਬਤਰਾ ਵੀ ਇਸ ਮੋਕੇ ਤੇ ਹਾਜਰ ਸਨ।